| | | |
|---|---|---|
| ਨਵੇਂ ਪ੍ਰਵਾਸੀਆਂ ਲਈ ਕਾਨੂੰਨੀ ਫੈਕਟਸ਼ੀਟ | **ਬੀ ਸੀ ਇੰਪਲਾਇਮੈਂਟ ਅਤੇ ਸਹਾਇਤਾ ਪ੍ਰੋਗਰਾਮ** | JUSTICE EDUCATION SOCIETY |

## ਬੀ ਸੀ ਇੰਪਲਾਇਮੈਂਟ ਅਤੇ ਸਹਾਇਤਾ ਪ੍ਰੋਗਰਾਮ ਕੀ ਹੈ?

ਬੀ ਸੀ ਵਿੱਚ, ਇੰਪਲਾਇਮੈਂਟ ਅਤੇ ਸਹਾਇਤਾ ਪ੍ਰੋਗਰਾਮ (ਵੈਲਫੇਅਰ ਵੀ ਕਿਹਾ ਜਾਂਦਾ ਹੈ) ਉਨ੍ਹਾਂ ਲੋਕਾਂ ਦੀ ਮਦਦ ਕਰਦਾ ਹੈ ਅਤੇ ਵਸੇਬੇ ਲਈ ਸਹਾਇਤਾ ਦਿੰਦਾ ਹੈ ਜੋ ਲੋਕ ਇਸਦੇ ਯੋਗ ਹੁੰਦੇ ਹਨ। ਜ਼ਿਆਦਾ ਲੋਕਾਂ ਲਈ ਪ੍ਰੋਗਰਾਮ ਆਰਜ਼ੀ ਹੈ, ਪਰ ਕੁਝ ਲੋਕਾਂ ਲਈ ਇਹ ਲੰਮੇਂ ਸਮੇਂ ਦੀ ਲੋੜ ਹੋ ਸਕਦਾ ਹੈ।

## ਇਸਦੇ ਕੌਣ ਯੋਗ ਹੈ?

ਤੁਸੀਂ ਯੋਗ ਹੋ ਸਕਦੇ ਹੋ ਜੇਕਰ ਤੁਸੀਂ:

- ਕੰਮ ਤੋਂ ਵਾਂਝੇ ਹੋ ਜਾਂ ਬਹੁਤ ਘੱਟ ਕਮਾਈ ਕਰ ਰਹੇ ਹੋ
- ਕਿਸੇ ਹੋਰ ਕਮਾਈ ਦੀ ਆਸ ਕਰ ਰਹੇ ਹੋ
- ਕੰਮ ਕਰਨ ਦੇ ਯੋਗ ਨਹੀਂ ਹੋ
- ਭੋਜਨ, ਵਸੇਬਾ ਜਾਂ ਡਾਕਟਰੀ ਸਹਾਇਤਾ ਦੀ ਫੌਰੀ ਲੋੜ ਹੈ

## ਅਰਜ਼ੀ ਕਿਵੇਂ ਦਿਆਂ?

ਆਨਲਾਈਨ 'ਤੇ: www.sdsi.gov.bc.ca/bcea.htm 'ਤੇ ਆਪੂੰ-ਜਾਇਜ਼ਾ ਅਤੇ ਅਰਜ਼ੀ ਟੂਲ ਦਾ ਫਾਰਮ ਭਰੋ। ਤੁਸੀਂ 1-866-866-0800 'ਤੇ ਫ਼ੋਨ ਵੀ ਕਰ ਸਕਦੇ ਹੋ ਜਾਂ ਇੰਪਲਾਇਮੈਂਟ ਅਤੇ ਆਮਦਨ ਸਹਾਇਤਾ ਦੇ ਦਫਤਰ ਵੀ ਜਾ ਸਕਦੇ ਹੋ। ਅਪਲਾਈ ਕਰਨ ਤੋਂ ਬਾਅਦ, ਤੁਹਾਨੂੰ ਜਾਂ ਤਾਂ ਕੰਮ ਦੀ ਭਾਲ ਕਰਨ ਲਈ ਕਿਹਾ ਜਾਏਗਾ ਜਾਂ ਯੋਗਤਾ ਇੰਟਰਵਿਊ ਲਈ ਸੱਦਿਆ ਜਾਏਗਾ।

## ਕੰਮ ਦੀ ਭਾਲ ਕਰਨਾ ਕਿਸਨੂੰ ਕਹਿੰਦੇ ਹਨ?

ਯੋਗਤਾ ਇੰਟਰਵਿਊ ਦੀ ਤਾਰੀਖ਼ ਤੋਂ ਪਹਿਲਾਂ, ਤੁਹਾਡੇ ਤੋਂ ਰੁਜ਼ਗਾਰ ਦੀ ਭਾਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਕੰਮ ਦੀ ਭਾਲ ਦੇ ਸਮੇਂ ਦੌਰਾਨ ਜੇਕਰ ਤੁਹਾਨੂੰ ਕੋਈ ਰੁਜ਼ਗਾਰ ਨਹੀਂ ਮਿਲਦਾ, ਤਾਂ ਅਗਲਾ ਕਦਮ ਯੋਗਤਾ ਇੰਟਰਵਿਊ ਦਾ ਹੈ।

## ਯੋਗਤਾ ਇੰਟਰਵਿਊ ਕਿਸਨੂੰ ਕਹਿੰਦੇ ਹਨ?

ਯੋਗਤਾ ਇੰਟਰਵਿਊ ਬੀ.ਸੀ. ਸਰਕਾਰ ਦੇ ਵਰਕਰ ਵੱਲੋਂ ਲਿਆ ਜਾਂਦਾ ਹੈ ਜੋ ਇਹ ਨਿਰਣਾ ਕਰਦਾ ਹੈ ਕਿ ਤੁਹਾਡੀ ਸਥਿਤੀ ਨਾਲ ਕਿਹੜੀ ਕਾਰਵਾਈ ਮੇਲ ਖਾਂਦੀ ਹੈ।

ਜੇ ਤੁਹਾਨੂੰ ਆਪਣੇ ਕੰਮ ਦੀ ਭਾਲ ਦੇ ਦੌਰਾਨ ਰੁਜ਼ਗਾਰ ਨਹੀਂ ਮਿਲਦਾ ਅਤੇ ਤੁਸੀਂ ਯੋਗਤਾ ਇੰਟਰਵਿਊ ਲਈ ਮਨਿਸਟ੍ਰੀ ਕੋਲ ਜਾਂਦੇ ਹੋ, ਮਨਿਸਟ੍ਰੀ ਦਾ ਸਟਾਫ ਇਹ ਕਰੇਗਾ:

- ਤੁਹਾਡੇ ਵੱਲੋਂ ਦਿੱਤੀ ਗਈ ਜਾਣਕਾਰੀ ਦੀ ਜਾਂਚ ਕਰੇਗਾ
- ਆਮਦਨ ਸਹਾਇਤਾ ਲਈ ਤੁਹਾਡੀ ਯੋਗਤਾ ਨਿਸ਼ਚਿਤ ਕਰੇਗਾ
- ਰੁਜ਼ਗਾਰ ਲਈ ਤੁਹਾਡੇ ਤਿਆਰ ਰਹਿਣ ਬਾਰੇ ਜਾਇਜ਼ਾ ਲਏਗਾ
- ਰੁਜ਼ਗਾਰ ਵਿਉਂਤ ਤਿਆਰ ਕਰਨ ਲਈ ਤੁਹਾਡੇ ਨਾਲ ਸਹਿਯੋਗ ਕਰੇਗਾ

ਇਹ ਜ਼ਰੂਰੀ ਹੈ ਕਿ ਯੋਗਤਾ ਇੰਟਰਵਿਊ ਤੋਂ ਪਹਿਲਾਂ ਆਪਣੇ ਬਾਰੇ ਜਾਣਕਾਰੀ ਤਿਆਰ ਕਰੋ। ਤੁਸੀਂ ਆਪਣੇ ਨਾਲ ਕੰਮ ਭਾਲਣ ਦੀਆਂ ਕੋਸ਼ਿਸ਼ਾਂ ਦੇ ਸਬੂਤ, ਅਤੇ ਨਾਲ ਹੀ ਨਵੀਨਤਮ ਰੇਜ਼ਮੇ, ਅਤੇ ਇੰਪਲੋਇਰਾਂ ਨਾਲ ਕੀਤੇ ਗਏ ਸੰਪਰਕਾਂ ਦੇ ਰਿਕਾਰਡ ਵੀ ਲਿਆਉ।

**ਹੋਰ ਸਹਾਇਤਾ ਅਤੇ ਜਾਣਕਾਰੀ ਕਿਥੋਂ ਮਿਲੇਗੀ**?

- ਮਨਿਸਟ੍ਰੀ ਦੀ ਵੈੱਬਸਾਈਟ ਰੁਜ਼ਗਾਰ ਅਤੇ ਆਮਦਨ ਸਹਾਇਤਾ: **www.sdsi.gov.bc.ca/bcea.htm** 'ਤੇ ਮਹੱਤਵਪੂਰਨ ਵਿਆਪਕ ਜਾਣਕਾਰੀ ਦਿੱਤੀ ਗਈ ਹੈ।
- **AdminLawBC.ca** – 'ਤੇ ਰੁਜ਼ਗਾਰ ਸਹਾਇਤਾ ਅਪੀਲ ਟ੍ਰਿਬਿਯੂਨਲ ਸਮੇਤ, ਬਹੁਤ ਸਾਰੇ ਟ੍ਰਿਬਿਯੂਨਲਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਸੁਣਵਾਈ ਦੀ ਤਿਆਰੀ ਵਾਸਤੇ ਮਦਦ ਲਈ ਚੈੱਕਲਿਸਟ ਵੀ ਹੈ।
- ਲੀਗਲ ਸਰਵਿਸਿਜ਼ ਸੁਸਾਇਟੀ ਦਾ ਇਕ ਕਿਤਾਬਚਾ: "**ਤੁਹਾਡੇ ਵੈਲਫੇਅਰ ਹੱਕ**" ਪ੍ਰਾਪਤ ਹੈ। ਵੈਲਫੇਅਰ ਲਈ ਕਿਵੇਂ ਅਪਲਾਈ ਕਰਨਾ ਹੈ ਬਾਰੇ ਇੱਕ ਸਬਕ ਇਸ ਵਿੱਚ ਸ਼ਾਮਲ ਹੈ।
- ਬੀ ਸੀ ਮਨਿਸਟ੍ਰੀ ਆਫ ਸੋਸ਼ਲ ਡਵੈਲਪਮੈਂਟ ਐਂਡ ਸੋਸ਼ਲ ਇਨੋਵੇਸ਼ਨ: **www.mhr.gov.bc.ca/factsheets/bcea.htm** 'ਤੇ ਬੀ ਸੀ ਰੁਜ਼ਗਾਰ ਅਤੇ ਸਹਾਇਤਾ ਫੈਕਟਸ਼ੀਟਾਂ ਹਨ।

**ਜੇ ਆਪਣੇ ਯੋਗਤਾ ਇੰਟਰਵਿਊ ਦੇ ਨਤੀਜਿਆਂ ਤੋਂ ਸਹਿਮਤ ਨਾ ਹੋਵਾਂ?**

ਜੇਕਰ ਮਾਸਿਕ ਲਾਭ ਜਾਂ ਸਪਲੀਮੈਂਟ 'ਤੇ ਫਿਰ ਤੋਂ ਵਿਚਾਰ ਕਰਨ ਦੀ ਬੇਨਤੀ ਨੂੰ ਨਾਂਹ ਕਰ ਦਿੱਤੀ ਜਾਂਦੀ ਹੈ, ਘਟਾਇਆ ਜਾਂ ਰੋਕ ਦਿੱਤਾ ਜਾਂਦਾ ਹੈ, ਤਾਂ ਤੁਹਾਨੂੰ ਇਨ੍ਹਾਂ ਫੈਸਲਿਆਂ ਨੂੰ ਵੰਗਾਰਨ ਦਾ ਹੱਕ ਹੈ।

ਜੇ ਤੁਸੀਂ ਮੁੜ ਵਿਚਾਰ ਕਰਨ ਦੇ ਨਤੀਜੇ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਰੁਜ਼ਗਾਰ ਸਹਾਇਤਾ ਅਪੀਲ ਟ੍ਰਿਬਿਯੂਨਲ (EAAT) ਕੋਲ ਇਸ ਬਾਰੇ ਅਪੀਲ ਕਰ ਸਕਦੇ ਹੋ। EAAT ਇੱਕ ਤਰ੍ਹਾਂ ਦੀ ਅਦਾਲਤ ਹੈ – ਇਸ ਨੂੰ ਰੁਜ਼ਗਾਰ ਸਹਾਇਤਾ ਅਪੀਲ ਕੇਸਾਂ ਵਿੱਚ ਫੈਸਲੇ ਕਰਨ ਦਾ ਅਧਿਕਾਰ ਹੈ।

**ਯਾਦ ਰੱਖੋ:** ਜੋ ਤੁਹਾਨੂੰ ਲੋੜ ਹੈ ਉਸਦੀ ਕੋਸ਼ਿਸ਼ ਕਰਨ ਲਈ ਫੈਸਲੇ ਨੂੰ ਵੰਗਾਰਨ ਤੋਂ ਨਾ ਡਰੋ।

ਜਿਵੇਂ ਹੀ ਤੁਹਾਨੂੰ ਮਨਿਸਟ੍ਰੀ ਦੇ ਫੈਸਲੇ ਬਾਰੇ ਪਤਾ ਲਗਦਾ ਹੈ, ਹੇਠ ਲਿਖੇ ਕਦਮ ਚੁੱਕੋ:

- ਮਨਿਸਟ੍ਰੀ ਨੂੰ ਆਪਣਾ ਫੈਸਲਾ ਲਿਖਤੀ ਰੂਪ ਵਿੱਚ ਦੇਣ ਲਈ ਕਹੋ। ਇਸਦੇ ਫੈਸਲੇ ਦਾ ਕਾਰਨ ਵੀ ਲਿੱਖ ਕੇ ਦੇਣ ਲਈ ਕਹੋ, ਅਤੇ ਫੈਸਲਾ ਲੈਣ ਲਈ ਜੋ ਵੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਗਈ ਸੀ ਉਨ੍ਹਾਂ ਸਭਨਾਂ ਦੀਆਂ ਕਾਪੀਆਂ ਵੀ ਦੇਣ ਲਈ ਕਹੋ। ਇਹ ਜਾਣਕਾਰੀ ਲੈਣ ਦਾ ਤੁਹਾਨੂੰ ਹੱਕ ਹੈ।
- ਕੋਈ ਵਕੀਲ ਲੱਭੋ (ਵੈੱਬਸਾਈਟ: www.povnet.org 'ਤੇ ਜਾਓ)। ਵਕੀਲ ਤੁਹਾਡਾ ਕੇਸ ਅੱਗੇ ਤੋਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਉਹ ਕਾਗਜ਼-ਪੱਤਰ ਤਿਆਰ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਅਤੇ ਤੁਹਾਨੂੰ ਇਹ ਵੀ ਦੱਸ ਸਕਦੇ ਹਨ ਕਿ ਤੁਹਾਡੀ ਅਪੀਲ ਜਾਂ ਮੁੜ ਤੋਂ ਵਿਚਾਰ ਕਰਨ ਦੀ ਅਰਜ਼ੀ ਮੰਜ਼ੂਰ ਹੋਏਗੀ ਜਾਂ ਨਹੀਂ।
- ਕਾਗਜ਼-ਪੱਤਰ ਦਾਖ਼ਲ ਕਰਨ ਦੇ ਸਮੇਂ ਨੂੰ ਧਿਆਨ ਵਿੱਚ ਰੱਖੋ ਅਤੇ ਵੇਲ਼ੇ ਸਿਰ ਕਾਗਜ਼ ਜਮ੍ਹਾਂ ਕਰਾਓ।

**ਜੇ ਮੈਨੂੰ ਅੰਗਰੇਜ਼ੀ ਬੋਲਣੀ ਜਾਂ ਸਮਝਣੀ ਨਹੀਂ ਆਉਂਦੀ ਤਾਂ ਫੇਰ?**

ਆਪੂੰ-ਜਾਇਜ਼ਾ ਅਤੇ ਅਰਜ਼ੀ ਟੂਲ ਸਿਰਫ ਅੰਗ੍ਰੇਜ਼ੀ ਵਿੱਚ ਹੀ ਪ੍ਰਾਪਤ ਹੈ। ਜੇ ਤੁਹਾਨੂੰ ਮਦਦ ਚਾਹੀਦੀ ਹੈ, ਤਾਂ ਕਿਸੇ ਦੋਸਤ, ਪਰਿਵਾਰਕ ਮੈਂਬਰ ਜਾਂ ਅਨੁਵਾਦਕ ਨਾਲ ਸੰਪਰਕ ਕਰੋ। ਇਸ ਪ੍ਰਕਿਰਿਆ ਨੂੰ ਸਮਝਣ ਲਈ ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ, ਤੁਹਾਨੂੰ ਸਥਾਨਕ ਇਮੀਗ੍ਰੈਂਟ ਸੈਟਲਮੈਂਟ ਏਜੰਸੀ ਨਾਲ ਸੰਪਰਕ ਕਰਨਾ ਚਾਹੀਦਾ ਹੈ। ਆਮਦਨ ਸਹਾਇਤਾ ਜਾਣਕਾਰੀ ਅਤੇ ਸੇਵਾਵਾਂ ਲਈ 1-866-866-0800 'ਤੇ ਫ਼ੋਨ ਕਰੋ।

**ਇਹ ਫੈਕਟਸ਼ੀਟ ਕਨੇਡਾ ਸਰਕਾਰ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸੂਬਾਈ ਸਰਕਾਰ ਵੱਲੋਂ ਮਿਲੀ ਫੰਡਿਗ ਕਾਰਨ ਹੀ ਬਣਾਈ ਜਾ ਸਕੀ ਹੈ।**